**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ ਫੋਨ ਨੰ: 0172-5015864,5015865
ਈ-ਮੇਲ: iedpunjabssa@gmail.com

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2012/89162-183 ਮਿਤੀ: 23/11/2012

ਵਿਸ਼ਾ: ਵਿਸ਼ਵ ਵਿਕਲਾਂਗਤਾ ਦਿਵਸ ਦੇ ਮੌਕੇ ਤੇ 3-4 ਦਸੰਬਰ, 2012 ਨੂੰ ਸਰਵ ਸਿੱਖਿਆ ਅਭਿਆਨ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਕਲਾਂਗ ਬੱਚਿਆਂ ਲਈ ਸਭਿਆਚਾਰਕ ਮੇਲਾ " ਉਡਾਣ" ਮਨਾਉਣ ਸਬੰਧੀ।

1. ਉਪਰੋਕਤ ਵਿਸ਼ੇ ਸਬੰਧੀ ਇਸ ਦਫ਼ਤਰ ਦੇ ਪੱਤਰ ਮੀਮੋ ਨੰ:SSA/IED/2012/88799-820 ਮਿਤੀ 20.11.12 ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ 3-4 ਦਸਬੰਰ, 2012 ਨੂੰ ਅੰਮ੍ਰਿਤਸਰ ਵਿਖੇ ਆਯੋਜਿਤ ਹੋਣ ਵਾਲੇ ਸਰਵ ਸਿੱਖਿਆ ਅਭਿਆਨ "ਉਡਾਣ" ਸਭਿਆਚਾਰਕ ਮੇਲੇ ਵਿੱਚ ਭਾਗ ਲੈਣ ਵਾਲੇ ਬੱਚਿਆਂ/ਟੀਮਾਂ ਨੂੰ ਜ਼ਿਲ੍ਹਾ ਪੱਧਰ ਤੇ ਰੋਜ਼ਾਨਾ ਪ੍ਰੈਕਟਿਸ ਕਰਵਾਈ ਜਾਵੇ ਅਤੇ ਮੁਕਾਬਲਿਆਂ ਲਈ ਲੋੜ ਅਨੁਸਾਰ ਵਰਦੀਆਂ (dresses) ਕਿਰਾਏ ਤੇ ਲੈ ਲਈਆਂ ਜਾਣ। ਇਸ ਗਤੀਵਿਧੀ ਤੇ ਹੋਣ ਵਾਲਾ ਸਾਰਾ ਖਰਚਾ ਸਣੇ ਵਰਦੀਆਂ ਦੇ ਕਿਰਾਏ ਦੇ ਆਈ.ਈ.ਡੀ. ਮੱਦ ਵਿੱਚੋਂ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ ਕੀਤਾ ਜਾਵੇ।
2. ਇਹਨਾਂ ਬੱਚਿਆਂ ਦੀ ਸੂਚੀ ਭੇਜਣ ਅਤੇ ਸਭਿਆਚਾਰਕ ਮੇਲੇ ਸਬੰਧੀ ਹੋਰ ਜਾਣਕਾਰੀ ਲੈਣ ਲਈ ਅੰਮ੍ਰਿਤਸਰ ਦੇ ਆਈ.ਈ.ਡੀ. ਕੋਆਰਡੀਨੇਟਰ ਸ੍ਰੀ ਧਰਮਿੰਦਰ ਸਿੰਘ ਨਾਲ 98888-87666 ਤੇ ਗੱਲ ਕੀਤੀ ਜਾਵੇ।
3. ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਭਾਗ ਲੈਣ ਵਾਲੇ ਬੱਚਿਆਂ ਅਤੇ ਟੀਮਾਂ ਦੀ ਸੂਚੀ ਮਿਤੀ 26.11.12 ਤੱਕ ਯਕੀਨਣ ਭੇਜੀ ਜਾਵੇ।

ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ